ਅਧਿਆਇ ਤੀਜਾ

*

*

*

# ਪੰਜਾਬ ਦੇ ਲੋਕ ਧਰਮ ਦੀਆਂ ਪੂਜਾ ਵਿਧੀਆਂ ਦਾ ਵਰਗੀਕਰਨ

# ਪੰਜਾਬ ਦੇ ਲੋਕ ਧਰਮ ਦੀਆਂ ਪੂਜਾ ਵਿਧੀਆਂ ਦਾ ਵਰਗੀਕਰਨ

ਪਿਛਲੇ ਅਧਿਆਇ ਵਿਚ ਸਾਰੀ ਵਿਚਾਰ ਚਰਚਾ ਉਪਰੰਤ ਅਸੀਂ ਇਸ ਸਿੱਟੇ ਉਤੇ ਪਹੁੰਚੇ ਹਾਂ ਕਿ ਪੰਜਾਬ ਦੇ ਲੋਕ ਧਰਮ ਦੀ ਪਰੰਪਰਾ ਦੇ ਮਾਨਵ ਸ਼ਾਸਤਰੀ ਪੱਖ ਤੇ ਪਾਸਾਰ ਪੂਰਵ ਇਤਿਹਾਸਕ ਕਾਲ ਤੱਕ ਫ਼ੈਲੇ ਹੋਏ ਹਨ। ਇਹ ਸਦੀਆਂ ਲੰਮੀ ਇਸ ਇਤਿਹਾਸਕ ਪ੍ਰਕਿਰਿਆ ਵਿਚ ਵੱਖ ਵੱਖ ਇਤਿਹਾਸਕ ਪੜਾਵਾਂ ਉਤੇ ਰੂਪਾਂਤਰਣ ਹੁੰਦੇ ਗਏ ਹਨ। ਲੋਕ ਧਰਮ ਦੀ ਇਹ ਪਰੰਪਰਾ ਪ੍ਰਾਚੀਨ ਅਤੇ ਸਮਰਿਧ ਹੀ ਨਹੀਂ ਸਗੋਂ ਇਸ ਦੀ ਇਕ ਖਾਸ ਵਿਲੱਖਣਤਾ ਇਹ ਵੀ ਹੈ ਕਿ ਇਸ ਪਰੰਪਰਾ ਦੀ ਇਤਿਹਾਸਕ ਨਿਰੰਤਰਤਾ ਕਦੇ ਭੰਗ ਨਹੀਂ ਹੋਈ। ਇਸ ਵਿਚ ਪੁਰਾਤੱਤਵੀ ਅਵਸ਼ੇਸ਼ਾਂ ਦੀ ਭਰਪੂਰਤਾ ਵੀ ਹੈ ਅਤੇ ਲਗਾਤਾਰਤਾ ਵੀ। ਇਸ ਲਈ ਪੰਜਾਬ ਦੇ ਲੋਕ ਧਰਮ ਦੀਆਂ ਬਣਤਰਾਂ, ਆਸਥਾਵਾਂ ਅਤੇ ਪੂਜਾ ਵਿਧੀਆਂ ਵਿਚ ਵਿਵਿਧਤਾ ਅਤੇ ਅਨੇਕਮੁਖਤਾ ਮਿਲਦੀ ਹੈ। ਇਸ ਅਨੇਕਮੁਖਤਾ ਅਤੇ ਵੰਨ ਸੁਵੰਨਤਾ ਨੂੰ ਕਿਸੇ ਇਕਹਿਰੀ ਵਰਗਵੰਡ ਦੀਆਂ ਨਿਯਮਤ ਕੋਟੀਆਂ ਵਿਚ ਬੰਨ੍ਹ ਸਕਣਾ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ।

ਪੰਜਾਬ ਦੀ ਲੋਕ ਧਰਮ ਪਰੰਪਰਾ ਇਕਹਿਰੇ ਸੁਭਾਅ ਦੀ ਨਹੀਂ ਹੈ। ਇਸ ਲਈ ਇਸ ਦੀਆਂ ਵਿਭਿੰਨ ਪ੍ਰਣਾਲੀਆਂ ਜਾਂ ਪ੍ਰਵਰਗਾਂ ਦੇ ਵਰਗੀਕਰਨ ਲਈ ਕੋਈ ਇਕਹਿਰਾ ਸੂਤਰ ਸੰਭਵ ਨਹੀਂ ਹੈ। ਇਸੇ ਲਈ ਹੁਣ ਤੱਕ ਪੰਜਾਬ ਦੇ ਲੋਕ ਧਰਮ ਸੰਬੰਧੀ ਜਿਹੜੇ ਦੋ ਅਧਿਐਨ ਕਾਰਜ ਸਾਹਮਣੇ ਆਏ ਹਨ ਉਹਨਾਂ ਵਿਚ ਕੀਤੀ ਗਈ ਵਰਗ ਵੰਡ ਦਾ ਕੋਈ ਵੀ ਪੱਕਾ ਪੀਡਾ ਇਕ ਆਧਾਰ ਨਹੀਂ ਹੈ। ਡਾ. ਵਣਜਾਰਾ ਬੇਦੀ ਨੇ ਪੰਜਾਬ ਦੇ ਲੋਕ ਧਰਮ ਨੂੰ ਹੇਠ ਲਿਖੇ ਸੱਤ ਵਰਗਾਂ ਵਿਚ ਵੰਡਿਆ ਹੈ। ਇਹ ਹਨ : ਪ੍ਰਕਿਰਤੀ ਪੂਜਾ, ਨਛੱਤਰ ਪੂਜਾ, ਪਿਤਰ ਪੂਜਾ, ਗਰਾਮ ਦੇਵਤਿਆਂ ਦੀ ਪੂਜਾ, ਦੇਵੀ ਪੂਜਾ, ਪੌਰਾਣਿਕ ਵਿਅਕਤੀਆਂ ਦੀ ਪੂਜਾ ਅਤੇ ਟੋਟਮ ਚਿੰਨ੍ਹ ਜਾਂ ਗੋਤਰ ਚਿੰਨ੍ਹ ਦੀ ਪੂਜਾ ਆਦਿ। ਉਸ ਦੀ ਪੁਸਤਕ 'ਲੋਕ ਧਰਮ' (2000) ਵਿਚ ਪੰਜਾਬ ਦੇ ਲੋਕ ਧਰਮ ਦਾ ਵਿਧੀਵਤ ਅਧਿਐਨ ਹੈ। ਇਸ ਤੋਂ ਉਪਰੰਤ, ਲੋਕ ਧਰਮ ਸੰਬੰਧੀ ਦੂਸਰਾ ਮਹੱਤਵਪੂਰਨ

ਅਸੀਂ ਆਪਣੇ ਇਸ ਖੋਜ ਕਾਰਜ ਵਿਚ ਲੋਕ ਧਰਮ ਦੀਆਂ ਪੂਜਾ ਪ੍ਰਣਾਲੀਆਂ ਨੂੰ ਵੰਡਣ ਲਈ, ਤਿੰਨ ਆਧਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ, ਸੋ ਪੰਜਾਬ ਦੇ ਲੋਕ ਧਰਮ ਬਾਰੇ ਅਗਲੇਰੀ ਵਿਚਾਰ ਚਰਚਾ ਲਈ ਅਸੀਂ ਇਸ ਨੂੰ ਤਿੰਨ ਆਧਾਰਾਂ ਉੱਤੇ ਵੰਡਦੇ ਹਾਂ:

1. ਪੂਜਾ ਚਿੰਨ੍ਹਾਂ ਜਾਂ ਲੋਕ ਇਸ਼ਟਾਂ ਦੇ ਆਧਾਰ ਉਤੇ
2. ਪੂਜਾ ਦੀ ਅਨੁਸ਼ਠਾਨਕ ਸਮੱਗਰੀ ਦੇ ਆਧਾਰ ਉੱਤੇ
3. ਪੂਜਾ ਵਿਧੀਆਂ ਜਾਂ ਨਿਭਾਉ ਸੰਦਰਭਾਂ ਦੇ ਆਧਾਰ ਉਤੇ

## 1. ਪੂਜਾ ਚਿੰਨ੍ਹਾਂ ਜਾਂ ਲੋਕ ਇਸ਼ਟਾਂ ਦੇ ਆਧਾਰ ਉਤੇ

ਲੋਕ ਧਰਮ ਵਿਚ ਸਭ ਤੋਂ ਕੇਂਦਰ ਵਿਚ ਲੋਕ ਇਸ਼ਟ ਹੁੰਦਾ ਹੈ ਜਿਸਨੂੰ ਕਰਤਾ ਮੰਨ ਕੇ ਉਸ ਦੀ ਪੂਜਾ ਅਰਚਨਾ ਕੀਤੀ ਜਾਂਦੀ ਹੈ। ਜੇਕਰ ਇਸ ਦ੍ਰਿਸ਼ਟੀ ਤੋਂ ਅਸੀਂ ਪੰਜਾਬ ਦੇ ਲੋਕ ਇਸ਼ਟਾਂ ਉੱਤੇ ਸਰਸਰੀ ਝਾਤ ਮਾਰੀਏ ਤਾਂ ਇਹਨਾਂ ਨੂੰ ਅਸੀਂ ਦੋ ਉੱਪ-ਵਰਗਾਂ ਵਿਚ ਵੰਡ ਸਕਦੇ ਹਾਂ। ਇਹ ਹਨ ਉਹ ਲੋਕ ਇਸ਼ਟ ਜਿਹੜੇ ਵਿਅਕਤੀ ਤੋਂ ਪਾਰ ਕਿਸੇ ਪ੍ਰਕਿਰਤਕ ਵਸਤ ਵਰਤਾਰੇ ਨਾਲ ਸੰਬੰਧਿਤ ਹਨ, ਦੂਸਰੇ ਉਹ ਜਿਨ੍ਹਾਂ ਦੇ ਕੇਂਦਰ ਵਿਚ ਵਿਅਕਤੀ ਜਾਂ ਪਰਾ-ਵਿਅਕਤੀ ਸ਼ਾਮਿਲ ਹੁੰਦਾ ਹੈ। ਇਹ ਉਪ ਵਰਗ ਹਨ:

(ੳ) ਪ੍ਰਕਿਰਤੀ ਕੇਂਦਰਤ ਲੋਕ ਇਸ਼ਟ

(ਅ) ਮਾਨਵ ਕੇਂਦਰਤ ਲੋਕ ਇਸ਼ਟ

### (ੳ) ਪ੍ਰਕਿਰਤੀ ਕੇਂਦਰਤ ਲੋਕ ਇਸ਼ਟ :

ਪ੍ਰਕਿਰਤੀ ਕੇਂਦਰਤ ਲੋਕ ਇਸ਼ਟਾਂ ਜਾਂ ਪੂਜਾ ਚਿੰਨ੍ਹਾਂ ਵਿਚ ਅਸੀਂ ਉਹਨਾਂ ਸਾਰੇ ਪੂਜਾ ਸੋਮਿਆਂ ਨੂੰ ਗਿਣਦੇ ਹਾਂ ਜਿਹੜੇ ਪ੍ਰਕਿਰਤਕ ਵਸਤਾਂ ਦੇ ਰੂਪ ਵਿਚ, ਪ੍ਰਕਿਰਤਕ ਵਰਤਾਰਿਆਂ ਜਾਂ ਜੜ੍ਹ ਵਸਤਾਂ ਦੇ ਰੂਪ ਵਿਚ ਮੌਜੂਦ ਹਨ। ਪ੍ਰਕਿਰਤਕ ਸੋਮਿਆਂ ਦੇ ਰੂਪ ਵਿਚ ਪੰਜ ਤੱਤ ਸ਼ਾਮਿਲ ਹਨ ਜਿਨ੍ਹਾਂ ਵਿਚ ਧਰਤੀ, ਪਾਣੀ, ਆਕਾਸ਼, ਵਾਯੂ, ਅਗਨੀ ਆਉਂਦੇ ਹਨ। ਪ੍ਰਕਿਰਤਕ ਵਰਤਾਰਿਆਂ ਦੇ ਰੂਪ ਵਿਚ ਬੱਦਲ, ਬਿਜਲੀ, ਝੱਖੜ, ਮੀਂਹ, ਹਨੇਰੀ, ਸੱਤ ਰੰਗੀਆਂ ਪੀਂਘਾਂ, ਭੂਚਾਲ, ਚੰਨ੍ਹ, ਸੂਰਜ, ਤਾਰੇ, ਹੋਰ ਗ੍ਰਹਿ ਸ਼ਾਮਿਲ ਹਨ। ਇਹ ਸਾਰੇ ਪ੍ਰਕਿਰਤਕ ਵਸਤਾਂ ਤੇ

ਸੰਬੰਧ ਭੋਜਨ ਪ੍ਰਾਪਤੀ ਦੀ ਇੱਛਾ ਨਾਲ ਰਿਹਾ ਹੈ। ਜੀਵ ਜੰਤੂਆਂ ਪ੍ਰਤੀ ਮਨੁੱਖ ਦੀ ਸ਼ਰਧਾ ਭਾਵਨਾ ਜਾਂ ਜੀਵ-ਜੰਤੂਆਂ ਦੀ ਪੂਜਾ ਦੇ ਤਿੰਨ ਮੁੱਖ ਆਧਾਰ ਹਨ ਪਹਿਲਾ ਜੀਵ-ਜੰਤੂਆਂ ਜਾਂ ਪਸ਼ੂ ਪੰਛੀਆਂ ਦਾ ਮਨੁੱਖ ਲਈ ਸਹਿਯੋਗੀ ਅਤੇ ਉਪਯੋਗੀ ਹੋਣਾ। ਦੂਸਰਾ ਮਨੁੱਖ ਦੁਆਰਾ ਸਿਰਜੇ ਗਏ ਦੇਵੀ-ਦੇਵਤਿਆਂ ਦੇ ਵਾਹਨ ਹੋਣ ਕਾਰਨ ਪਵਿੱਤਰਤਾ ਦੇ ਧਾਰਨੀ ਹੋਣਾ ਅਤੇ ਤੀਸਰਾ ਮਨੁੱਖ ਦਾ ਕੁਲ ਜੀਵ-ਜੰਤੂਆਂ ਦੇ ਨਾਲ ਭੈਅ ਮੂਲਕ ਸੰਬੰਧ।

ਪ੍ਰਕਿਰਤੀ ਦੇ ਦੋ ਰੂਪਾਂ ਭਾਵ ਜੀਵ ਜਗਤ ਅਤੇ ਬਨਸਪਤੀ ਜਗਤ ਸੰਬੰਧੀ ਅਸੀਂ ਵਿਸਤਰਿਤ ਚਰਚਾ ਆਪਣੇ ਇਸ ਖੋਜ ਕਾਰਜ ਦੇ ਕ੍ਰਮਵਾਰ ਪੰਜਵੇਂ ਅਤੇ ਛੇਵੇਂ ਅਧਿਆਇ ਵਿਚ ਕਰਾਂਗੇ।

### (ਅ) ਮਾਨਵ ਕੇਂਦਰਤ ਲੋਕ ਇਸ਼ਟ

ਮਾਨਵ ਕੇਂਦਰਤ ਲੋਕ ਇਸ਼ਟਾਂ ਜਾਂ ਪੂਜਾ ਚਿਹਨਾਂ ਵਿਚ ਅਸੀਂ, ਉਨ੍ਹਾਂ ਸਾਰੇ ਚਿੰਨ੍ਹਾਂ ਨੂੰ ਸ਼ਾਮਿਲ ਕਰਦੇ ਹਾਂ ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਮਾਨਵੀ ਕ੍ਰਿਤ ਹੀ ਨਹੀਂ ਸਗੋਂ ਮਾਨਵੀ ਜਾਂ ਪਰਾਮਾਨਵੀ ਸਰੂਪ ਵਿਚ ਸੰਕਲਪੇ ਜਾਂਦੇ ਹਨ। ਇਹਨਾਂ ਵਿਚ ਅਸੀਂ ਹੇਠ ਲਿਖੇ ਉਪ-ਵਰਗ ਗਿਣ ਸਕਦੇ ਹਾਂ:

(i) ਦੇਵੀ ਪੂਜਾ

(ii) ਪੌਰਾਣਿਕ ਵਿਅਕਤੀਆਂ ਦੀ ਪੂਜਾ

(iii) ਪਿਤਰ ਪੂਜਾ

(iv) ਗ੍ਰਾਮ ਦੇਵਤੇ

(v) ਪੀਰ ਫ਼ਕੀਰ ਪੂਜਾ

ਦੇਵੀ ਪੂਜਾ ਦਾ ਵਿਧਾਨ ਪੂਰਵ ਵੈਦਿਕ ਕਾਲ ਤੋਂ ਹੀ ਪ੍ਰਚਲਿਤ ਰਿਹਾ ਹੈ। ਇਸ ਦਾ ਪ੍ਰਮਾਣ ਹੜੱਪਾ ਸੰਸਕ੍ਰਿਤੀ ਦੀਆਂ ਥੇਹਾਂ ਵਿਚੋਂ ਪ੍ਰਾਪਤ ਹੋਈਆਂ ਦੇਵੀ ਦੀਆਂ ਮੂਰਤੀਆਂ ਤੋਂ ਪ੍ਰਤੱਖ ਰੂਪ ਵਿਚ ਪ੍ਰਾਪਤ ਹੁੰਦਾ ਹੈ। ਹੜੱਪਾ ਸੱਭਿਅਤਾ ਇਕ ਮਾਤ੍ਰੀ ਪ੍ਰਧਾਨ ਸਭਿਅਤਾ ਹੋਣ ਕਰਕੇ ਇਸ ਵਿਚ ਦੇਵੀ ਪੂਜਾ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਸੀ। ਭਾਵੇਂ ਕਿ ਆਰੀਆ ਜਾਤੀ ਦੇ

ਸਰੀਰਕ ਬਲਵਾਨਤਾ, ਅਧਿਆਤਮਕਤਾ, ਸਿਰਜਣਕਾਰੀ ਗੁਣਾਂ ਅਤੇ ਇਹਨਾਂ ਨਾਲ ਸੰਬੰਧਿਤ ਮਿਥ ਕਥਾਵਾਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

ਹਨੂੰਮਾਨ ਦੀ ਪੂਜਾ ਦਾ ਵਿਧਾਨ, ਹਨੂੰਮਾਨ ਦੀਆਂ ਦੈਵਿਕ ਸ਼ਕਤੀਆਂ ਅਤੇ ਇਸ ਦੀ ਸਰੀਰਕ ਬਲਵਾਨਤਾ ਸਦਕੇ ਪੰਜਾਬ ਦੇ ਲੋਕ ਧਰਮ ਵਿਚ ਪ੍ਰਚਲਿਤ ਹੈ। ਭਲਵਾਨੀ ਕੁਸ਼ਤੀ ਕਰਨ ਵਾਲੇ ਭਲਵਾਨ ਹਨੂੰਮਾਨ ਤੋਂ ਸਰੀਰਕ ਬਲ ਅਤੇ ਤੰਦਰੁਸਤੀ ਪ੍ਰਾਪਤ ਕਰਨ ਲਈ, ਇਸ ਨੂੰ ਆਪਣਾ ਮੁੱਖ ਦਿਉਤਾ ਮੰਨ ਕੇ ਇਸ ਦੀ ਪੂਜਾ ਕਰਦੇ ਹਨ। ਬਾਜ਼ੀਗਰਾਂ ਅਤੇ ਨਵ-ਜਾਤੀਆਂ ਦੇ ਲੋਕ ਹਨੂੰਮਾਨ ਨੂੰ ਆਪਣਾ ਵੱਡਾ-ਵਡੇਰਾ ਸਮਝਦੇ ਹੋਏ ਇਸ ਦੀ ਪੂਜਾ ਅਰਚਨਾ ਕਰਦੇ ਹਨ। ਵਣਜਾਰਾ ਬੇਦੀ ਦਾ ਵਿਚਾਰ ਹੈ ਕਿ ਖ਼ਾਨਾ ਬਦੋਸ਼ ਕਬੀਲਿਆਂ ਦੀ ਧਾਰਨਾ ਹੈ ਕਿ ਉਹ ਲੋਕ ਜੋ ਬਾਜ਼ੀ ਪਾਉਂਦੇ ਤੇ ਖੇਡਾਂ-ਖੇਡਦੇ ਹਨ, ਉਹ ਸਭ ਕੁਝ ਉਨ੍ਹਾਂ ਦੇ ਵਡੇਰਿਆਂ ਨੇ ਹਨੂੰਮਾਨ ਤੋਂ ਹੀ ਸਿੱਖਿਆ ਹੈ।[2]

ਹਿੰਦੂ ਧਰਮ ਵਿਚ ਕੋਈ ਵੀ ਸ਼ੁੱਭ ਕਾਰਜ ਆਰੰਭ ਕਰਨ ਤੋਂ ਪਹਿਲਾਂ ਗਣੇਸ਼ ਪੂਜਾ ਦਾ ਵਿਧਾਨ ਹੈ। ਇਸ ਨੂੰ ਕਿਸੇ ਕੰਮ ਦਾ ਸ਼੍ਰੀ ਗਣੇਸ਼ ਕਰਨਾ ਕਹਿੰਦੇ ਹਨ। ਜਨਮ, ਵਿਆਹ ਅਤੇ ਹੋਰ ਤਿੱਥ ਤਿਉਹਾਰਾਂ ਉੱਤੇ ਕੀਤੇ ਜਾਂਦੇ ਕਰਮਕਾਂਡਾਂ ਵਿਚ, ਗਣੇਸ਼ ਦੀ ਉਸਤਤ ਕਰਨ ਲਈ ਗਣੇਸ਼ ਦੇ ਚਿੰਨ੍ਹ ਸਵਾਸਤਿਕ ਨੂੰ ਚਿਤਰਿਆ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਚੌਕ ਪੂਰਣ ਵੇਲੇ, ਘਰ ਵਿਚ ਪ੍ਰਵੇਸ਼ ਕਰਨ ਸਮੇਂ ਘਰ ਦੇ ਦਰਵਾਜੇ ਉੱਤੇ ਅਤੇ ਕਿਸੇ ਤਿੱਥ ਤਿਉਹਾਰ ਉਤੇ ਪੂਜਾ ਸਮੇਂ ਵਰਤੇ ਜਾਂਦੇ ਕੱਚੇ ਜਾਂ ਪੱਕੇ ਭਾਂਡੇ ਉੱਤੇ ਸੰਧੂਰ ਜਾਂ ਹਲਦੀ ਨਾਲ ਸਵਾਸਤਿਕ ਦਾ ਚਿੰਨ੍ਹ ਚਿਤਰਿਆ ਜਾਂਦਾ ਹੈ।

ਹਰ ਇਕ ਸ਼ੁੱਭ ਕਾਰਜ ਆਰੰਭ ਕਰਨ ਤੋਂ ਪਹਿਲਾਂ ਗਣੇਸ਼ ਪੂਜਾ ਕਰਨ ਦਾ ਵਿਧਾਨ, ਸ਼ਿਵ ਦੁਆਰਾ ਗਣੇਸ਼ ਦਾ ਤ੍ਰਿਸ਼ੂਲ ਨਾਲ ਸਿਰ ਕੱਟਣ ਅਤੇ ਫਿਰ ਉਸ ਨੂੰ ਮੁੜ ਸੁਰਜੀਤ ਕਰਨ ਲਈ ਹਥਨੀ ਦੇ ਬੱਚੇ ਦਾ ਸਿਰ ਕੱਟ ਕੇ, ਗਣੇਸ਼ ਦੇ ਧੜ ਤੇ ਲਗਾਉਣ ਦੀ ਮਿਥ 'ਤੇ ਆਧਾਰਤ ਹੈ। ਮੰਨਿਆ ਜਾਂਦਾ ਹੈ ਕਿ ਗਣੇਸ਼ ਦੇ ਹਾਥੀ ਦਾ ਸਿਰ ਲੱਗਿਆ ਹੋਣ ਕਾਰਨ, ਗਣੇਸ਼ ਦੀ ਦਿੱਖ ਇਕ ਅਨੋਖੇ ਪ੍ਰਾਣੀ ਦੇ ਰੂਪ ਵਿਚ ਬਦਲ ਗਈ। ਆਪਣੇ ਪੁੱਤਰ ਦੇ ਇਸ ਅਨੋਖੇ ਅਤੇ ਅਜੀਬ

ਸਤੀ ਅਤੇ ਜਠੇਰੇ ਦੀ ਪੂਜਾ ਦਾ ਵਿਧਾਨ ਜਨਮ-ਵਿਆਹ ਅਤੇ ਹੋਰ ਸ਼ੁੱਭ ਕਾਰਜਾਂ ਸਮੇਂ ਪ੍ਰਚਲਿਤ ਹੈ। ਬੱਚੇ ਦੇ ਜਨਮ ਤੋਂ ਬਾਅਦ ਨਵ ਜੰਮੇ ਬੱਚੇ ਅਤੇ ਵਿਆਹ ਤੋਂ ਬਾਅਦ ਲਾੜਾ ਲਾੜੀ ਨੂੰ ਸਤੀ ਅਤੇ ਜਠੇਰੇ ਦੀ ਮੜੀ 'ਤੇ ਲਿਜਾ ਕੇ ਮੱਥਾ ਟਿਕਵਾਇਆ ਜਾਂਦਾ ਹੈ। ਜੇਕਰ ਸਤੀ ਜਾਂ ਜਠੇਰੇ ਦੀ ਮੜੀ 'ਤੇ ਜਲਦੀ ਜਾ ਕੇ ਭਾਵ ਬੰਧੇਕ ਸਮੇਂ ਉੱਤੇ ਜਾ ਕੇ ਮੱਥਾ ਟੇਕ ਸਕਣਾ ਸੰਭਵ ਨਾ ਹੋਵੇ ਤਾਂ ਔਰਤਾਂ ਘਰ ਵਿਚ ਹੀ ਸਤੀ ਅਤੇ ਜਠੇਰੇ ਦੇ ਨਾਮ ਦਾ ਮੱਥਾ ਟੇਕ ਲੈਂਦੀਆਂ ਹਨ ਅਤੇ ਜਿਹੜੀ ਸਮੱਗਰੀ ਸਤੀ ਅਤੇ ਜਠੇਰੇ ਦੀ ਮੜ੍ਹੀ ਤੇ ਚੜ੍ਹਾਉਣੀ ਹੁੰਦੀ ਹੈ ਤਾਂ ਉਹ ਸਤੀ ਸੰਬੰਧਿਤ ਸਮੱਗਰੀ ਕੁਆਰੀ ਕੁੜੀ ਨੂੰ ਅਤੇ ਜਠੇਰੇ ਨਾਲ ਸੰਬੰਧਿਤ ਵਸਤੂਆਂ ਘਰ ਦੇ ਕਿਸੇ ਮੁੰਡੇ ਨੂੰ ਦੇ ਦਿੱਤੀਆਂ ਜਾਂਦੀਆਂ ਹਨ। ਲੋਕ ਸਮੂਹ ਨੇ ਪਿੰਡ ਦੀ ਸੀਮਾਂ ਦੇ ਨਾਲ ਸੰਬੰਧਿਤ ਵੱਖ-ਵੱਖ ਦੇਵਤਿਆਂ ਦੀ ਸੰਕਲਪਨਾ ਕੀਤੀ ਹੈ ਜਿਨ੍ਹਾਂ ਨੂੰ ਕਿ ਗਰਾਮ ਦੇਵਤੇ ਕਿਹਾ ਜਾਂਦਾ ਹੈ। ਇਹਨਾਂ ਦਾ ਸੰਬੰਧ ਪਿੰਡ ਦੀ ਭੂਮੀ ਅਤੇ ਇਸ ਉੱਤੇ ਵਸਦੇ ਲੋਕਾ ਅਤੇ ਪਸ਼ੂ-ਪੰਛੀਆਂ ਦੀ ਸੁਰੱਖਿਆ ਨਾਲ ਹੁੰਦਾ ਹੈ। ਇਹ ਗ੍ਰਾਮ ਦੇਵਤੇ ਭੂਮੀਆਂ, ਖੇੜਾਂ, ਖ਼ੇਤਰ ਪਾਲ ਹਨ। ਇਹਨਾਂ ਗ੍ਰਾਮ ਦੇਵਤਿਆਂ ਦਾ ਅਸੀਂ ਵਿਸਥਾਰ ਸਹਿਤ ਵਰਣਨ ਚੌਥੇ ਅਧਿਆਇ ਵਿਚ ਕਰਾਂਗੇ।

ਪੰਜਾਬ ਦੇ ਲੋਕ ਧਰਮ ਵਿਚ ਪੀਰਾਂ-ਫਕੀਰਾਂ ਦੀ ਪੂਜਾ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਹਨਾਂ ਪੀਰਾਂ-ਫ਼ਕੀਰਾਂ ਦਾ ਸੰਬੰਧ ਭਾਵੇਂ ਮੁੱਖ ਰੂਪ ਵਿਚ ਇਸਲਾਮ ਧਰਮ ਨਾਲ ਹੈ, ਪਰ ਫਿਰ ਵੀ ਵੱਖ-ਵੱਖ ਧਰਮਾਂ ਅਤੇ ਜਾਤੀਆਂ ਨਾਲ ਸੰਬੰਧਿਤ ਲੋਕ ਸਮੂਹ ਇਹਨਾਂ ਪੀਰਾਂ ਫਕੀਰਾਂ ਨੂੰ ਦੈਵੀ ਸ਼ਕਤੀਆਂ ਦਾ ਧਾਰਨੀ ਮੰਨਦੇ ਹੋਏ, ਸ਼ਰਧਾ ਭਾਵਨਾ ਸਹਿਤ ਇਹਨਾਂ ਦੀ ਅਰਾਧਨਾ ਕਰਦਾ ਹੈ। ਪੀਰਾਂ ਫਕੀਰਾਂ ਸੰਬੰਧੀ ਪ੍ਰਚਲਿਤ ਵਿਸ਼ਵਾਸਾਂ ਅਤੇ ਇਹਨਾਂ ਨਾਲ ਸੰਬੰਧਿਤ ਕਰਮਕਾਂਡਾਂ ਦੀ ਚਰਚਾ ਅਸੀਂ ਪਿਛਲੇ ਅਧਿਆਇ ਵਿਚ ਕਰ ਚੁੱਕੇ ਹਾਂ।

### 2. ਪੂਜਾ ਦੀ ਅਨੁਸ਼ਠਾਨਕ ਸਮੱਗਰੀ ਦੇ ਆਧਾਰ ਉੱਤੇ

ਪੰਜਾਬ ਦੇ ਲੋਕ ਧਰਮ ਵਿਚ ਇਸ਼ਟਾਂ ਦੀ ਅਰਾਧਨਾ ਕਰਨ ਲਈ ਨਿਸ਼ਚਿਤ ਕਰਮ ਕਾਂਡ ਪ੍ਰਚਲਿਤ ਹਨ। ਹਰ ਇਕ ਕਰਮ ਕਾਂਡ ਦੇ ਲਈ ਨਿਸ਼ਚਿਤ ਪੂਜਾ ਸਮੱਗਰੀ ਹੈ। ਇਹ ਪੂਜਾ ਸਮੱਗਰੀ ਭਾਵੇਂ ਸਾਡੀਆਂ ਆਮ ਵਰਤੋਂ ਦੀਆਂ ਵਸਤੂਆਂ ਨਾਲ ਸੰਬੰਧਿਤ ਹੁੰਦੀ ਹੈ ਪਰ ਜਦੋਂ

ਵਿਕਾਸ ਤੋਂ ਪਹਿਲਾਂ, ਅਨਾਜ ਨਾਲੋਂ ਵੱਧ ਮਾਸ ਨੂੰ ਹੀ ਵਿਸ਼ੇਸ਼ ਰੂਪ ਵਿਚ ਅਹਿਮੀਅਤ ਦਿੱਤੀ ਜਾਂਦੀ ਸੀ ਅਤੇ ਮਾਸ ਹੀ ਚੜ੍ਹਾਵੇ ਦੇ ਰੂਪ ਵਿਚ ਇਸ਼ਟ ਨੂੰ ਭੇਟ ਕੀਤਾ ਜਾਂਦਾ ਸੀ ਪਰ ਸਮਾਂ ਬਦਲਣ ਅਤੇ ਖੇਤੀ ਅਤੇ ਪਸ਼ੂ ਪਾਲਣ ਦੇ ਵਿਕਾਸ ਦੇ ਨਾਲ ਇਸ ਦੀ ਜਗ੍ਹਾ ਅਨਾਜਾਂ ਨੇ ਪ੍ਰਾਪਤ ਕਰ ਲਈ। ਇਥੇ ਅਸੀਂ ਇਕ ਉਦਾਹਰਣ ਦੇਵੀ ਪੂਜਾ ਵਿਚੋਂ ਲੈ ਸਕਦੇ ਹਾਂ ਜਿਵੇਂ: ਪਹਿਲਾਂ ਦੁਰਗਾ ਦੇਵੀ ਦੇ ਜਗਰਾਤਿਆਂ ਵਿਚ ਬੱਕਰੇ ਦਾ ਮਾਸ ਪ੍ਰਸ਼ਾਦ ਦੇ ਰੂਪ ਵਿਚ ਦਿੱਤਾ ਜਾਂਦਾ ਸੀ ਪਰ ਸਮੇਂ ਦੇ ਬਦਲਣ ਅਤੇ ਮਿਥਿਹਾਸਕ ਤਾਰਾ ਰਾਣੀ ਦੀ ਕਥਾ ਦੇ ਅਨੁਸਾਰ ਇਹ ਫੁੱਲੀਆਂ ਪਤਾਸਿਆਂ ਦਾ ਰੂਪ ਧਾਰਨ ਕਰ ਗਿਆ।

ਲੱਗਭੱਗ ਹਰ ਇਸ਼ਟ ਨੂੰ ਪੂਜਣ ਸਮੇਂ ਕੱਚੇ ਅਨਾਜ ਦੀ ਵਰਤੋਂ ਜ਼ਰੂਰ ਹੁੰਦੀ ਹੈ। ਜਿਨ੍ਹਾਂ ਵਿਚ ਚਾਵਲ, ਕਣਕ, ਮਾਂਹ ਪ੍ਰਮੁੱਖ ਹੁੰਦੇ ਹਨ। ਸੂਰਜ ਦੇਵਤੇ ਨੂੰ ਜਲ ਦੇਣ ਸਮੇਂ, ਚੰਦਰਮੇ ਨੂੰ ਅਰਗ, ਪਿੱਪਲ ਨੂੰ ਪਾਣੀ, ਸ਼ਹੀਦਾਂ ਜਾਂ ਸਤੀਆਂ ਨੂੰ ਇਸ਼ਨਾਨ ਆਦਿ ਕਰਵਾਉਣ ਸਮੇਂ ਪਾਣੀ ਵਿਚ ਚਾਵਲ ਜ਼ਰੂਰ ਪਾਏ ਜਾਂਦੇ ਹਨ। ਇਸੇ ਤਰ੍ਹਾਂ ਸ਼ੀਤਲਾ ਮਾਤਾ ਦੀ ਪੂਜਾ ਸਮੇਂ ਕਾਲੇ ਮਾਂਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕਾਲੇ ਮਾਂਹ ਅਤੇ ਹਰੀ ਮੂੰਗ ਨੂੰ ਸ਼ਸਤਰਾਂ ਦੇ ਮੁਤਾਬਕ ਮਾਸ ਦਾ ਬਦਲਵਾਂ ਰੂਪ ਮੰਨਿਆ ਗਿਆ ਹੈ। ਪਿਤਰਾਂ ਦੀ ਪੂਜਾ ਕਰਨ ਲਈ ਜੌਂ ਅਤੇ ਤਿਲ ਆਦਿ ਨੂੰ ਵੀ ਵਰਤੋਂ ਵਿਚ ਲਿਆਂਦਾ ਜਾਂਦਾ ਹੈ।

(ii) **ਪੱਕੇ ਅਨਾਜ ਜਾਂ ਅਨੁਸ਼ਠਾਨਕ ਭੋਜਨ** :- ਲੋਕ ਧਰਮ ਵਿਚ ਇਸ਼ਟ ਨੂੰ ਪੱਕੇ ਭੋਜਨ ਦੇ ਰੂਪ ਵਿਚ ਭੇਟਾਂ ਅਰਪਣ ਕੀਤੀਆਂ ਜਾਂਦੀਆਂ ਹਨ ਜਿਹਨਾਂ ਦਾ ਪਹਿਲਾ ਭਾਗ ਇਸ਼ਟ ਦੇ ਨਮਿਤ ਕੀਤਾ ਜਾਂਦਾ ਹੈ ਅਤੇ ਫਿਰ ਇਹ ਪ੍ਰਸ਼ਾਦ ਦੇ ਰੂਪ ਵਿਚ ਸ਼ਰਧਾ ਸਮੇਤ ਗ੍ਰਹਿਣ ਕੀਤਾ ਜਾਂਦਾ ਹੈ। ਇਸ਼ਟ ਦੇ ਭੋਜਨ ਦੇ ਰੂਪ ਵਿਚ ਕੜਾਹ, ਖੀਰ, ਦਲੀਆ, ਮਿੱਠੇ ਚਾਵਲ, ਦੁੱਧ, ਰੋਟ, ਮਿੱਠੀਆਂ ਰੋਟੀਆਂ, ਗੁਲਗੁਲੇ, ਚੂਰਮਾ, ਗੁੜ, ਬੱਕਲੀਆਂ, ਆਦਿ ਚੜ੍ਹਾਏ ਜਾਂਦੇ ਹਨ। ਇਹ ਭੋਜਨ ਪਦਾਰਥ ਵੱਖ-ਵੱਖ ਇਸ਼ਟਾਂ ਨੂੰ ਵੱਖਰੇ-ਵੱਖਰੇ ਰੂਪ ਵਿਚ ਪ੍ਰਦਾਨ ਕੀਤੇ ਜਾਂਦੇ ਹਨ। ਜਿਵੇਂ ਪੀਰਾਂ ਨੂੰ ਮਿੱਠੇ ਚਾਵਲ, ਦਲੀਆ, ਰੋਟ, ਚੂਰਮਾ, ਸ਼ੀਤਲਾ ਦੇਵੀ ਨੂੰ ਮਿੱਠੀਆਂ ਰੋਟੀਆਂ, ਗੁਲਗੁਲੇ ਆਦਿ।

ਵਰਤੋਂ ਕੀਤੀ ਜਾਂਦੀ ਹੈ। ਚੁਰਸਤੇ ਵਿਚ ਜਗਾਇਆ ਜਾਣ ਵਾਲਾ ਚੌਮੁੱਖੀਆ ਦੀਵਾ ਚਾਰ ਦਿਸ਼ਾਵਾਂ ਵਿਚ ਰੌਸ਼ਨੀ ਦਾ ਪ੍ਰਤੀਕ ਹੈ।

ਗੋਹੇ ਦੇ ਛੋਟੇ ਜਿਹੇ ਟੁੱਕੜੇ ਨੂੰ ਸੁਲਘਾ ਕੇ ਉਸ ਉੱਤੇ ਗੁਗਲ ਧੂਫ਼ ਦੀ ਸਮੱਗਰੀ ਪਾਈ ਜਾਂਦੀ ਹੈ ਅਤੇ ਪੂਰੇ ਘਰ ਵਿਚ ਇਸ ਨੂੰ ਫੇਰਿਆ ਜਾਂਦਾ ਹੈ ਤਾਂ ਕਿ ਘਰ ਨੂੰ ਬਦਰੂਹਾਂ ਤੋਂ ਨਿਜਾਤ ਮਿਲ ਸਕੇ। ਕਈ ਵਾਰ ਵੱਡੇ-ਵਡੇਰਿਆਂ ਅਤੇ ਪੀਰਾਂ ਦੇ ਨਾਮ ਦੀ ਆਹੂਤੀ ਵੀ ਦਿੱਤੀ ਜਾਂਦੀ ਹੈ।

(v) **ਹਰਿਆਵਲ** : - ਖੁਸ਼ੀ ਦੇ ਸਮੇਂ ਸਾਰੀਆਂ ਰੀਤਾਂ ਵਿਚ ਹਰਿਆਵਲ ਦੀ ਵਰਤੋਂ 'ਦੁੱਬ' ਦੇ ਰੂਪ ਵਿਚ ਹੋਂਦੀ ਹੈ। ਪੂਜਾ ਵਿਧੀ ਨੂੰ ਕਿਰਿਆਤਮਕ ਰੂਪ ਦੇਣ ਲਈ ਉਸ ਸਮੱਗਰੀ ਦੀ ਹੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦਾ ਮਨੁੱਖੀ ਜੀਵਨ ਨਾਲ ਵਿਸ਼ੇਸ਼ ਤੌਰ 'ਤੇ ਸੰਬੰਧ ਹੁੰਦਾ ਹੈ ਅਤੇ ਜਿਹੜੀ ਜਿਨਸੀ ਵਾਧੇ ਦੇ ਸੰਕਲਪ ਉੱਤੇ ਆਧਾਰਤ ਹੁੰਦੀ ਹੈ। ਇਨ੍ਹਾਂ ਸੰਕਲਪਨਾਵਾਂ ਦਾ ਆਧਾਰ ਵੀ ਮਨੁੱਖੀ ਮਨ ਦੁਆਰਾ ਉਸ ਵਸਤੂ ਦੀ ਵੱਧਣ-ਫੁੱਲਣ, ਉਪਜਣ-ਨਿਪਜਣ ਅਤੇ ਗੁਣਾਂ ਭਰਪੂਰ ਪ੍ਰਵਿਰਤੀ ਉੱਤੇ ਵਿਸਤਰਿਤ ਹੁੰਦਾ ਹੈ। ਜਿਵੇਂ ਘਾਹ ਦਾ ਨਿਰੰਤਰ ਵੱਧਣਾ, ਉਨ੍ਹਾਂ ਦਰਖ਼ਤਾਂ ਦੇ ਪੱਤਿਆਂ ਦਾ ਪ੍ਰਯੋਗ ਕਰਨਾ ਜਿਹੜੇ ਫ਼ਲ ਦਿੰਦੇ ਹਨ ਜਿਵੇਂ ਕੇਲਾ ਅਤੇ ਅੰਬ। ਔਸ਼ਦਿਕ ਗੁਣਾਂ ਦੇ ਆਧਾਰ 'ਤੇ ਤੁਲਸੀ ਦੇ ਪੱਤਿਆਂ ਦੀ ਵਰਤੋਂ ਕਰਨਾ ਆਦਿ। ਹਰਿਆਵਲ ਦੇ ਆਧਾਰ 'ਤੇ ਲੋਕ ਧਰਮ ਵਿਚ ਦੁੱਬ (ਕੁੱਸਾ ਘਾਹ), ਅੰਬ ਦੇ ਪੱਤੇ, ਸ਼ਰੀਂਹ ਦੇ ਪੱਤੇ, ਤੁਲਸੀ, ਕਪਾਹ ਆਦਿ ਦਾ ਪ੍ਰਯੋਗ ਲੋਕ ਧਰਮ ਦੀ ਕਿਸੀ ਨਾ ਕਿਸੀ ਕਿਰਿਆਤਮਕ ਵਿਧੀ ਵਿਚ ਕੀਤਾ ਜਾਂਦਾ ਹੈ।

(vi) **ਪਾਣੀ** :- ਜਲ ਚੜ੍ਹਾਉਣ, ਅਰਗ ਦੇਣਾ, ਇਸ਼ਨਾਨ ਕਰਾਉਣਾ, ਛਿੱਟਾ ਦੇਣਾ ਆਦਿ ਲੋਕ ਧਰਮ ਵਿਚ ਪਾਣੀ ਨਾਲ ਨਿਭਾਈਆਂ ਜਾਂਦੀਆਂ ਮੁੱਖ ਪੂਜਾ ਵਿਧੀਆਂ ਹਨ। ਮਨੁੱਖੀ ਮਾਨਸਿਕਤਾ, ਮਾਨਵੀਕਰਨ ਦੇ ਸੰਕਲਪ ਨੂੰ ਪ੍ਰਕਿਰਤਕ ਵਰਤਾਰਿਆਂ ਦੇ ਨਾਲ ਲੈ ਕੇ ਅਗਰਸਰ ਹੁੰਦੀ ਹੈ। ਜਲ ਚੜ੍ਹਾਉਣਾ ਅਤੇ ਅਰਗ ਦੇਣ ਦੀ ਪੂਜਾ ਵਿਧੀ, ਪ੍ਰਕਿਰਤਕ ਇਸ਼ਟਾਂ ਦੇ ਮਾਨਵੀਕਰਨ ਦੇ ਆਧਾਰ 'ਤੇ ਉਹਨਾਂ ਦੀ ਤ੍ਰਿਪਤੀ ਦੀ ਵਿਚਾਰਧਾਰਾ ਦੀ ਸੂਚਕ ਹੈ ਕਿਉਂਕਿ

ਜਿਸ ਦਾ ਆਧਾਰ ਹਿਲਾਇਆ ਨਹੀਂ ਜਾ ਸਕਦਾ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਲੋਕ ਧਰਮ ਦੀਆਂ ਪੂਜਾ ਵਿਧੀਆਂ ਪਰਿਵਾਰਕ ਸੁੱਖ-ਸ਼ਾਂਤੀ ਅਤੇ ਪਰਿਵਾਰਕ ਵਾਧੇ ਨੂੰ ਮੁੱਖ ਰੱਖ ਕੇ ਨਿਭਾਈਆਂ ਜਾਂਦੀਆਂ ਹਨ। ਇਸ ਵਿਚ ਸਰੀਰਕ, ਮਾਨਸਿਕ ਅਤੇ ਆਰਥਿਕ ਸਮੱਸਿਆਵਾਂ ਨੂੰ ਹੀ ਕੇਂਦਰਿਤ ਕੀਤਾ ਜਾਂਦਾ ਹੈ।

ਖ਼ੇਤਰਾਂ ਦੇ ਆਧਾਰ ’ਤੇ ਪੂਜਾ ਵਿਧੀਆਂ ਵਿਚ ਵੱਖਰਤਾ ਦੀ ਸਮੱਸਿਆ ਦਾ ਸਾਹਮਣਾ ਤਾਂ ਕਰਨਾ ਪੈਂਦਾ ਹੈ ਪਰ ਨਿਭਾਉ ਵਿਧੀ ਵਿਚ ਮਨੁੱਖੀ ਸ਼ਮੂਲੀਅਤ ਦੀ ਸਾਂਝ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਲੋਕ ਧਰਮ ਦੀਆਂ ਪੂਜਾ ਵਿਧੀਆਂ ਦੀ ਨਿਭਾਉ ਵਿਧੀ ਲਗਭਗ ਔਰਤ ਦੇ ਹਿੱਸੇ ਹੀ ਆਈ ਹੈ। ਸ਼ਾਇਦ ਹੀ ਕੋਈ ਅਜਿਹੀ ਪੂਜਾ ਵਿਧੀ ਹੋਵੇਗੀ ਜਿਸ ਵਿਚ ਮਨੁੱਖੀ ਸ਼ਮੂਲੀਅਤ ਕੇਵਲ ਮਰਦ ਕੇਂਦਰਿਤ ਹੋਵੇ। ਜੇਕਰ ਅਸੀਂ ਕਿਸੇ ਅਜਿਹੀ ਵਿਧੀ ਨੂੰ ਧਿਆਨ ਵਿਚ ਲਿਆਉਣ ਦੀ ਕੋਸ਼ਿਸ਼ ਵੀ ਕਰੀਏ ਤਾਂ ਉਸ ਪੂਜਾ ਵਿਧੀ ਵਿਚ ਔਰਤ ਦੀ ਸ਼ਮੂਲੀਅਤ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਮਿਲਦੀ ਹੈ। ਲੋਕ ਧਰਮ ਵਿਚ ਵੱਖ-ਵੱਖ ਨਿਭਾਉ ਵਿਧੀਆਂ ਵਿਚ ਵੱਖ-ਵੱਖ ਮਨੁੱਖੀ ਧਿਰਾਂ ਸ਼ਾਮਿਲ ਹੁੰਦੀਆਂ ਹਨ। ਜਿਵੇਂ ਕਿ ਕਈ ਪੂਜਾ ਵਿਧੀਆਂ ਵਿਚ ਔਰਤਾਂ, ਮਰਦ ਅਤੇ ਬੱਚੇ ਹਾਜ਼ਰੀ ਭਰਦੇ ਹਨ। ਕੁਝ ਰਸਮਾਂ ਵਿਚ ਕੇਵਲ ਔਰਤਾਂ ਦੀ ਪ੍ਰਧਾਨਤਾ ਹੁੰਦੀ ਹੈ ਜਿਵੇਂ ਕਿ ਸਾਂਝੀ ਮਾਤਾ ਦੀ ਪੂਜਾ।

ਵੱਡੇ-ਵਡੇਰਿਆਂ ਅਤੇ ਸਤੀ ਪੂਜਾ ਵਿਚ ਘਰ ਦੀਆਂ ਔਰਤਾਂ, ਮਰਦ ਅਤੇ ਬਜ਼ੁਰਗ ਹੀ ਭਾਗ ਲੈਂਦੇ ਹਨ, ਪਰ ਇਸ ਵਿਚ ਘਰ ਦੀਆਂ ਕੁੜੀਆਂ ਯੋਗਦਾਨ ਨਹੀਂ ਪਾ ਸਕਦੀਆਂ। ਇਸੇ ਤਰ੍ਹਾਂ ਜੇਕਰ ਕਿਸੇ ਘਰ ਵਿਚ ਪੀਰ ਦਾ ਚਿਰਾਗ਼ ਜਗਾਇਆ ਜਾਂਦਾ ਹੋਵੇ ਤਾਂ ਘਰ ਦੀਆਂ ਕੁੜੀਆਂ ਦੁਆਰਾ ਇਹ ਚਿਰਾਗ਼ ਜਗਾਏ ਜਾਣ ਤੋਂ ਜ਼ਿਆਦਾਤਰ ਗੁਰੇਜ਼ ਹੀ ਕੀਤਾ ਜਾਂਦਾ ਹੈ।

ਲੋਕ ਧਰਮ ਦੇ ਪੂਰੇ ਕਿਰਿਆਤਮਕ ਪਾਸਾਰ ਨੂੰ ਅਸੀਂ ਅੱਗੇ ਲਿਖੇ ਭਾਗਾਂ ਵਿਚ ਵੰਡ ਸਕਦੇ ਹਾਂ। ਇਹ ਹਨ : ਇਸ਼ਨਾਨ ਕਰਾਉਣਾ ਤੇ ਅਰਗ ਦੇਣਾ, ਪੂਜਾ ਭੇਂਟਾ, ਭਾਸ਼ਾਈ ਸੰਚਾਰ ਅਤੇ ਪਰਿਕਰਮਾ।

ਵਿਚੋਂ ਪ੍ਰਵਾਹਤ ਹੋਇਆ ਮੰਨਿਆ ਜਾਂਦਾ ਹੈ। ਇਕ ਮਿਥਿਹਾਸਕ ਕਥਾ ਅਨੁਸਾਰ ਸ਼ਿਵ ਪਾਰਬਤੀ ਦੇ ਪੁੱਤਰ ਗਣੇਸ਼ ਅਤੇ ਕਾਰਤੀਕੇ ਨੂੰ, ਸ਼ਿਵ ਦੁਆਰਾ ਬ੍ਰਹਿਮੰਡ ਦੀ ਯਾਤਰਾ ਕਰਨ ਦਾ ਆਦੇਸ਼ ਹੋਇਆ, ਕਾਰਤੀਕੇ ਪੂਰੇ ਬ੍ਰਹਿਮੰਡ ਦੀ ਯਾਤਰਾ ਲਈ ਤੁਰ ਪਿਆ ਪਰ ਗਣੇਸ਼ ਨੇ ਸ਼ਿਵ-ਪਾਰਬਤੀ ਦੁਆਲੇ ਸੱਤ ਪਰਿਕਰਮਾ ਕਰ ਕੇ ਹੀ ਪੂਰੇ ਬ੍ਰਹਿਮੰਡ ਦੀ ਯਾਤਰਾ ਦਾ ਫ਼ਲ ਪ੍ਰਾਪਤ ਕੀਤਾ।

ਇਸ ਤਰ੍ਹਾਂ ਅਸੀਂ ਲੋਕ ਧਰਮ ਦੀਆਂ ਪੂਜਾ ਵਿਧੀਆਂ ਉਤੇ ਚਰਚਾ ਕਰਦਿਆਂ ਇਸ ਸਿੱਟੇ ਉਤੇ ਪਹੁੰਚਦੇ ਹਾਂ ਕਿ ਇਨ੍ਹਾਂ ਨੂੰ ਕਿਸੇ ਇਕ ਆਧਾਰ ਉੱਤੇ ਵੰਡਣਾ ਸੰਭਵ ਨਹੀਂ ਹੈ। ਇਹ ਇਸ ਤੱਥ ਦਾ ਪ੍ਰਮਾਣ ਹੈ ਕਿ ਪੰਜਾਬ ਦੇ ਲੋਕ ਧਰਮ ਦੀ ਪਰੰਪਰਾ ਬਹੁਤ ਵੰਨ ਸੁਵੰਨੀ ਤਾਂ ਹੈ ਹੀ ਪਰ ਇਹ ਆਪਣੇ ਰੂਪ ਵਿਚ ਬਹੁਤ ਲਚਕੀਲੀ ਵੀ ਹੈ। ਇਸ ਲਈ ਇਸ ਪਰੰਪਰਾ ਵਿਚ ਪ੍ਰਚਲਿਤ ਲੋਕ ਪੂਜਾ ਦੀਆਂ ਵਿਧੀਆਂ ਵਿਚ ਅਨੇਕਤਾ ਹੈ।

ਇਸ ਸ਼ੋਧ ਪ੍ਰਬੰਧ ਦੇ ਵਿਸ਼ੇ ਦੀ ਸੀਮਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਇਸ ਬਹੁ-ਵਿਧ ਲੋਕ ਧਾਰਮਿਕ ਪਰੰਪਰਾ ਦੇ ਉਨ੍ਹਾਂ ਰੂਪਾਂ ਅਤੇ ਸੰਕਲਪਨਾਵਾਂ ਉਤੇ ਹੀ ਕੇਂਦਰਤ ਹੋਣਾ ਹੈ ਜੋ ਸਿਰਫ਼ ਪ੍ਰਕਿਰਤਕ ਵਸਤਾਂ ਅਤੇ ਵਰਤਾਰਿਆਂ ਨਾਲ ਸੰਬੰਧਿਤ ਹਨ।

## ਪ੍ਰਕਿਰਤਕ ਵਸਤਾਂ ਅਤੇ ਵਰਤਾਰਿਆਂ ਨਾਲ ਸੰਬੰਧਿਤ ਪੂਜਾ-ਵਿਧੀਆਂ ਦਾ ਵਰਗੀਕਰਨ

ਇਸ ਖੋਜ ਦਾ ਵਿਸ਼ਾ ਖ਼ੇਤਰ ਪ੍ਰਕਿਰਤਕ ਵਸਤਾਂ ਅਤੇ ਵਰਤਾਰਿਆਂ ਦੀ ਪੂਜਾ ਨਾਲ ਸੰਬੰਧਿਤ ਹੈ। ਲੋਕ ਧਰਮ ਦੇ ਇਸ ਖ਼ੇਤਰ ਦਾ ਵਿਸਤਾਰ ਪ੍ਰਕਿਰਤਕ ਸੰਸਾਰ ਤੋਂ ਲੈ ਕੇ ਜੀਵ ਸੰਸਾਰ ਤਕ ਫੈਲਿਆ ਹੋਇਆ ਹੈ।

ਪ੍ਰਕਿਰਤਕ ਵਸਤਾਂ ਅਤੇ ਵਰਤਾਰਿਆਂ ਨਾਲ ਸੰਬੰਧਿਤ ਲੋਕ ਪੂਜਾ ਦੇ ਖ਼ੇਤਰ ਨੂੰ ਅਸੀਂ ਵਿਵਹਾਰਕ ਅਧਿਐਨ ਲਈ ਇਸ ਪ੍ਰਕਾਰ ਵੰਡਦੇ ਹਾਂ:

1. ਪੰਜ ਤੱਤਾਂ ਨਾਲ ਸੰਬੰਧਿਤ ਪੂਜਾ ਵਿਧੀਆਂ
2. ਜੀਵ ਜਗਤ ਨਾਲ ਸੰਬੰਧਿਤ ਪੂਜਾ ਵਿਧੀਆਂ
3. ਬਨਸਪਤੀ ਜਗਤ ਨਾਲ ਸੰਬੰਧਿਤ ਪੂਜਾ ਵਿਧੀਆਂ।

# ਹਵਾਲੇ ਅਤੇ ਟਿੱਪਣੀਆਂ


1. ਵਣਜਾਰਾ ਬੇਦੀ, ***ਲੋਕ ਧਰਮ***, ਪੰਨਾ 121
2. ਉਹੀ, ਪੰਨਾ 122
3. ਜੌਨ ਡੌਸਨ, ***ਹਿੰਦੂ ਮਿਥਿਹਾਸ ਕੋਸ਼*** (ਅਨੁ. ਰਜਿੰਦਰ ਸਿੰਘ ਸ਼ਾਸਤਰੀ), ਪੰਨਾ 51